19-5-96

# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

ਔਰਤ ਅਤੇ ਮਰਦ: 'ਲਕੀਰ' ਦਾ ਅਪਰੈਲ- ਮਈ- ਜੂਨ 96 ਅੰਕ ਔਰਤ-ਮਰਦ ਵਿਸ਼ੇਸ਼ ਅੰਕ ਹੈ। ਔਰਤ ਮਰਦ ਦੇ ਆਪਸੀ ਰਿਸ਼ਤੇ ਬਾਰੇ ਇਸ ਅੰਕ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਨਾਲ ਜੁੜੀਆਂ ਬਹੁਤ ਸਾਰੀਆਂ ਸ਼ਖਸੀਅਤਾਂ ਦੇ ਵਿਚਾਰ ਪੜ੍ਹਨ ਨੂੰ ਮਿਲੇ ਹਨ। ਇਨ੍ਹਾਂ ਵਿਚਾਰਾਂ ਵਿਚ ਜਿੱਥੇ ਨਿੱਜੀ ਤਜ਼ਰਬੇ ਹਨ ਉਥੇ ਫਲਸਫੇ ਦੀਆਂ ਗੱਲਾਂ ਵੀ ਹਨ ਅਤੇ ਇਸ ਰਿਸ਼ਤੇ ਬਾਰੇ ਵੱਖ ਵੱਖ ਪੰਹਿਲੂਆਂ ਦਾ ਵੀ ਵਰਨਣ ਹੈ। ਆਪਣੇ ਆਪ ਵਿਚ ਇਹ ਇਕ ਦਿਲਚਸਪ ਅਧਿਐਨ ਹੈ।

ਇਸ ਅੰਕ ਵਿਚ ਸ਼ਸ਼ੀ ਸਮੁੰਦਰਾ, ਪਰਵੇਜ਼ ਸੰਧੂ ਅਤੇ ਗੁੱਡੀ ਸੰਧੂ ਦੀ ਗੱਲਬਾਤ ਹੈ। ਇਹ ਤਿੰਨੇ ਔਰਤਾਂ ਅਮਰੀਕਾ ਵਿਚ ਰਹਿੰਦੀਆਂ ਹਨ ਅਤੇ ਉਨ੍ਹਾਂ ਦੀ ਗੱਲਬਾਤ ਵਿਚ ਉਸ ਦੇਸ਼ ਦੀ ਰਹਿਣੀ ਸਹਿਣੀ ਦੀ ਪ੍ਰਸੰਗਕਤਾ ਹੈ। ਬਹੁਤ ਬੇਬਾਕ ਗੱਲਾਂ ਹਨ। ਪਰਮਜੀਤ ਸੋਹਲ ਨੇ ਇਸਤਰੀ ਬਾਰੇ ਭਾਰਤੀ ਧਾਰਨਾ ਦੀ ਗੱਲ ਕੀਤੀ ਹੈ। ਅਮਰਜੀਤ ਚੰਦਨ, ਮਨਿੰਦਰ ਕਾਂਗ, ਗੁਰਬਚਨ, ਮਜ਼ਹਰ ਤਿਆਜ਼ੀ, ਨਿਰੂਪਮਾ ਦੱਤ, ਜੋਗਿੰਦਰ ਸਿੰਘ ਨਿਰਾਲਾ ਅਤੇ ਅਨੀਤਾ ਦੇਵਗਨ ਨੇ ਇਸ ਵਿਸ਼ੇ 'ਤੇ ਮੌਲਿਕ ਗੱਲਾਂ ਕਹਿਣ ਦੀ ਜੁਰਅਤ ਕੀਤੀ ਹੈ ਪਰ ਸਾਰਿਆਂ ਨਾਲੋਂ ਮਹੱਤਵਪੂਰਨ ਇਸ ਅੰਕ ਦਾ ਉਹ ਹਿੱਸਾ ਹੈ ਜਦੋਂ ਵੱਖ ਵੱਖ ਲੇਖਕਾਂ ਨੇ ਸੰਪਾਦਕ ਵਲੋਂ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ ਹਨ। ਕਿਉਂਕਿ ਸਵਾਲ ਸਪੱਸ਼ਟ ਸਨ, ਇਸ ਲਈ ਜਵਾਬ ਵੀ ਸਪੱਸ਼ਟ ਸਨ ਤੇ ਗੱਲ ਨੂੰ ਕਿਸੇ ਸਿਰੇ 'ਤੇ ਲਗਾਉਂਦੇ ਹਨ। ਵੀਣਾ ਦਾਦਾ ਦੇ ਜਵਾਬ ਇੱਥੇ ਮਿਸਾਲ ਲਈ ਦਿੱਤੇ ਜਾ ਸਕਦੇ ਹਨ।

ਇਸਤਰੀ ਤੇ ਮਰਦ ਦੇ ਰਿਸ਼ਤੇ ਦੇ ਗੁਣ ਔਗੁਣ ਪੁੱਛੇ ਜਾਣ 'ਤੇ ਵੀਣਾ ਦਾਦਾ ਦਾ ਜਵਾਬ ਹੈ: ਇਸਤਰੀ ਅਤੇ ਮਰਦ ਦੇ ਸਬੰਧਾਂ 'ਚ ਈਮਾਨਦਾਰੀ ਪਹਿਲੀ ਸ਼ਰਤ ਏ। ਬੰਦਾ ਭਾਵੇਂ ਬਦਸ਼ਕਲ ਹੋਵੇ ਪਰ ਹੋਵੇ ਰਿਸ਼ਤੇ ਦਾ ਈਮਾਨਦਾਰ। ਔਰਤ ਲਈ ਮਰਦ ਦਾ ਈਮਾਨਦਾਰ ਨਾ ਹੋਣਾ ਸਭ ਤੋਂ ਵੱਧ ਦੁਖਦਾਈ ਹੁੰਦਾ ਹੈ। ਮਹਾਂਭਾਰਤ ਦੇ ਇਸਤਰੀ ਪਾਤਰਾਂ ਬਾਰੇ ਪੁੱਛੇ ਸਵਾਲਾਂ ਦੇ ਜਵਾਬ ਵਿਚ ਵੀਣਾ ਦਾਦਾ ਦਾ ਕਹਿਣਾ ਹੈ ਕਿ ਜਦੋਂ ਮਹਾਂਭਾਰਤ ਦੀ ਰਚਨਾ ਹੋਈ, ਉਦੋਂ ਪੁਰਸ਼ ਪ੍ਰਧਾਨ ਸਮਾਜ ਸੀ। ਇਸਤਰੀ ਕਮਜ਼ੋਰ ਸੀ। ਉਸ ਨੂੰ ਆਪਣੀਆਂ ਇਛਾਵਾਂ ਤੇ ਚਾਹਤਾਂ ਲੁਕਾਉਣ ਵਾਸਤੇ ਕਿੰਨਾ ਕੁਝ ਕਰਨਾ ਪੈਂਦਾ ਸੀ। ਉਦੋਂ ਆਪਣੇ ਪਤੀ ਦੀ ਆਗਿਆ ਨਾਲ ਪਰ-ਪੁਰਸ਼ ਤੋਂ ਸੰਤਾਨ ਲੈਣਾ ਮਾੜਾ ਨਹੀਂ ਸੀ ਸਮਝਿਆ ਜਾਂਦਾ। ਹੁਣ ਔਰਤ ਸੁਤੰਤਰ ਹੋ ਕੇ ਇਹ ਅਧਿਕਾਰ ਆਪ ਲੈ ਰਹੀ ਹੈ। ਦਰੋਪਤੀ ਨੂੰ ਵੀਣਾ ਦਾਦਾ ਮਜਬੂਰ ਨਹੀਂ ਸਮਝਦੀ। ਕਈ ਪਤੀਆਂ ਦਾ ਹੋਣਾ ਉਹਦੀ ਚਾਹਤ ਵੀ ਹੋ ਸਕਦੀ ਹੈ। ਜੇ ਇਹ ਚਾਹਤ ਮਰਦ ਦੀ ਹੁੰਦੀ ਹੈ, ਤਾਂ ਇਸਤਰੀ ਦੀ ਕਿਉਂ ਨਹੀਂ? ਇਸਤਰੀ 'ਚ ਕਾਮ ਇੱਛਾ ਮਰਦ ਨਾਲੋਂ ਤਿੰਨ ਗੁਣਾ ਵੱਧ ਹੁੰਦੀ ਏ। ਪਰ ਨਾਰੀ ਗਮਨ ਮੁੱਢਕਦੀਮ ਤੋਂ ਵਰਜਿਤ ਹੈ, ਪਰ ਕਾਲੀ ਮਾਤਾ ਦੀ ਮੂਰਤੀ ਲਈ ਮਿੱਟੀ ਵੇਸ਼ਿਆ ਦੀ ਦੇਹਲੀ ਤੋਂ ਲਿਆਂਦੀ ਜਾਂਦੀ ਹੈ, ਇਸ ਪਿੱਛੇ ਫਲਸਫਾ ਕੁਦਰਤ ਦੀ ਮੰਗ ਪੂਰਾ ਕਰਨਾ ਹੈ। ਪੱਛਮੀ ਮੀਡੀਆ ਦੇ ਹਮਲੇ ਨਾਲ ਸਾਡੇ ਸਭਿਆਚਾਰ ਦਾ ਕੁਝ ਨਹੀਂ ਵਿਗੜਣਾ ਕਿਉਂਕਿ ਸਭਿਆਚਾਰ ਖੜ੍ਹੀ ਸੋਚ ਨਹੀਂ। ਇਹਨੇ ਹਾਲਾਤ ਅਨੁਸਾਰ ਆਪਣੇ ਰੂਪ ਬਦਲਣੇ ਹੀ ਬਦਲਣੇ ਹਨ। ਇਸ ਸਵਾਲ ਦੇ ਜਵਾਬ ਵਿਚ ਕਿ ਜੇ ਸਾਹਿਤ ਵਿਚੋਂ ਇਸਤਰੀ ਤੇ ਮਰਦ ਦੇ ਕਾਮੁਕ ਸਬੰਧਾਂ ਦਾ ਜ਼ਿਕਰ ਕੱਢ ਦਿੱਤਾ ਜਾਏ ਤਾਂ ਕਿਹੜਾ ਰਸ ਸਾਹਿਤ ਨੂੰ ਪੜ੍ਹਣ ਜੋਗਾ ਰੱਖੇਗਾ, ਵੀਣਾ ਦਾਦਾ ਦਾ ਕਹਿਣਾ ਹੈ ਕਿ ਸਾਹਿਤ 'ਚੋਂ ਰਸ ਬਾਹਰ ਨਹੀਂ ਕੱਢੇ ਜਾਂਦੇ ਸਗੋਂ ਹੋਰ ਨਿੱਤ ਨਵੇਂ ਜਨਮ ਲੈਂਦੇ ਨੇ। ਸ਼ਿੰਗਾਰ ਰਸ ਸਾਹਿਤ ਦੀ ਸਭ ਤੋਂ ਵੱਡੀ ਅਮੀਰੀ ਹੈ।

ਔਰਤਾਂ ਸਾਡੀ ਆਬਾਦੀ ਦਾ ਅੱਧਾ ਹਿੱਸਾ ਹਨ। ਉਨ੍ਹਾਂ ਦੀ ਸਮਾਜਕ ਚੇਤਨਾ ਔਰਤ-ਮਰਦ ਦਾ ਆਪਸੀ ਰਿਸ਼ਤਾ, ਸੁਖਾਵੀਂ ਜ਼ਿੰਦਗੀ ਬਣਾਉਣ ਵਿਚ ਆਪਣੀ ਭੂਮਿਕਾ ਨਿਭਾਉਂਦਾ ਹੈ। ਇਸ ਮਸਲੇ 'ਤੇ ਖੁੱਲ੍ਹੀ ਬਹਿਸ ਲਈ 'ਲਕੀਰ' ਵਧਾਈ ਦਾ ਹੱਕਦਾਰ ਹੈ।

ਨਾਟਕ 'ਫਤਵਾ': ਪੰਜਾਬੀ ਨਾਟਕ ਇਸ ਗੱਲ ਦਾ ਮਾਣ ਕਰ ਸਕਦਾ ਹੈ ਕਿ ਉਸ ਨੇ ਪੰਜਾਬ ਵਿਚ ਹਰ ਗਲਤ ਵਰਤਾਰੇ ਵਿਰੁੱਧ ਆਵਾਜ਼ ਉਠਾਈ। ਪਿਛਲੇ ਸਮੇਂ ਵਿਚ ਗਲਤ ਵਰਤਾਰੇ ਵਿਚ ਜਿੱਥੇ ਧਾਰਮਿਕ ਜਨੂੰਨੀਆਂ ਦੀ ਦਹਿਸ਼ਤਗਰਦੀ ਸ਼ਾਮਲ ਸੀ, ਉਥੇ ਪੁਲੀਸ ਦੀ ਦਹਿਸ਼ਤਗਰਦੀ ਵੀ ਸਿਖਰਾਂ 'ਤੇ ਪੁੱਜੀ ਹੋਈ ਸੀ, ਪਹਿਲੀ ਦਹਿਸ਼ਤਗਰਦੀ ਵਿਰੁੱਧ ਨਾਟਕ 'ਕੁਰਸੀ ਮੋਰਚਾ' ਤੇ 'ਹਵਾ ਵਿਚ ਲਟਕਦੇ ਲੋਕ', 'ਅੰਨ੍ਹੇ ਨਿਸ਼ਾਨਚੀ', 'ਰਿਸ਼ਤਿਆਂ ਦਾ ਕੀ ਰਖੀਏ ਨਾਂ' ਵਰਗੇ ਨਾਟਕ ਆਏ। ਪੁਲੀਸ ਦਹਿਸ਼ਤਗਰਦੀ ਦੇ ਵਿਰੁੱਧ ਨਾਟਕ 'ਹੋਰ ਉਠਸੀ ਮਰਦ ਕਾ ਚੇਲਾ', 'ਹਰ ਇਕ ਨੂੰ ਜੀਣ ਦਾ ਹੱਕ ਚਾਹੀਦਾ ਹੈ', 'ਕਾਕੇ' ਆਦਿ ਨਾਟਕ ਆਏ। ਝੂਠੇ ਪੁਲੀਸ ਮੁਕਾਬਲੇ ਬਾਰੇ ਅਜਮੇਰ ਔਲਖ ਦਾ ਨਾਟਕ 'ਯਾਰੜੇ ਦਾ ਸੱਥਰ' ਜੋ ਜਨਵਰੀ 1981 'ਸਮਤਾ' ਮੈਗਜ਼ੀਨ ਵਿਚ ਆਇਆ, ਉਹ ਪੰਜਾਬੀ ਨਾਟਕ ਸਾਹਿਤ ਦੀ ਇਕ ਕਲਾਸਕੀ ਰਚਨਾ ਕਿਹਾ ਜਾ ਸਕਦਾ ਹੈ। ਪੰਜਾਬ ਦੇ ਸਾਧਾਰਨ ਲੋਕਾਂ ਨੇ ਪੁਲੀਸ ਦੀਆਂ ਵਧੀਕੀਆਂ ਨੂੰ ਕਦੀ ਪ੍ਰਵਾਨਗੀ ਨਹੀਂ ਦਿੱਤੀ। ਐਮਰਜੈਂਸੀ ਦੇ ਬਾਅਦ ਹੋਈਆਂ ਚੋਣਾਂ ਤੇ ਹੁਣ 1996 ਵਿਚ ਹੋਈਆਂ ਚੋਣਾਂ ਇਸ ਦਾ ਪ੍ਰਮਾਣ ਹਨ।

ਨਾਟਕ 'ਫਤਵਾ' ਪਿਛਲੇ ਮਹੀਨੇ ਹੋਈਆਂ ਚੋਣਾਂ ਦੀ ਪਿੱਠ ਭੂਮੀ 'ਤੇ ਉਸਾਰਿਆ ਨਾਟਕ ਹੈ ਜੋ ਪੰਜਾਬ ਦੇ ਲੋਕਾਂ ਵਲੋਂ ਹਕੂਮਤ ਕਰਦੀ ਪਾਰਟੀ ਦੇ ਵਿਰੁੱਧ ਦਿੱਤਾ ਗਿਆ। ਇਹ ਇਕ ਬੁੱਢੇ ਬਾਪ ਦੀ ਕਹਾਣੀ ਹੈ, ਜਿਸ ਦਾ ਪੁੱਤਰ ਇਕ ਝੂਠੇ ਮੁਕਾਬਲੇ ਵਿਚ ਮਾਰਿਆ ਗਿਆ ਸੀ। ਨਾਟਕ ਵਿਚ ਪੰਜਾਬ ਦੇ ਪਿਛਲੇ 12 ਸਾਲ ਦੇ ਇਤਿਹਾਸ ਦੀ ਗੱਲ ਕੀਤੀ ਗਈ ਹੈ। ਉਸ ਪੀੜ ਦੀ ਗੱਲ ਕੀਤੀ ਗਈ ਹੈ ਜੋ ਉਸ ਬਜ਼ੁਰਗ ਨੇ ਜਾਂ ਕਹਿ ਲਵੋ ਪੰਜਾਬ ਦੇ ਲੋਕਾਂ ਨੇ ਸਹੀ ਹੈ। ਲੋਕਾਂ ਵਲੋਂ ਹਕੂਮਤੀ ਪਾਰਟੀ ਦੇ ਵਿਰੁੱਧ ਦਿੱਤਾ ਫਤਵਾ ਜਿੱਥੇ ਬਜ਼ੁਰਗ ਨੂੰ ਖੁਸ਼ੀ ਭਰੀ ਤਸੱਲੀ ਦਿੰਦਾ ਹੈ, ਉਥੇ ਉਹ ਉਮੀਦ ਜ਼ਾਹਰ ਕਰਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਲੋਕ ਇਸ ਗੱਲ ਦੀ ਪਹਿਰੇਦਾਰੀ ਕਰਨਗੇ ਕਿ ਕੋਈ ਮਾਸੂਮ ਬੱਸਾਂ ਵਿਚੋਂ ਕੱਢ ਕੇ ਨਾ ਮਾਰਿਆ ਜਾਏ ਤਾਂ ਨਾ ਹੀ ਕਾਨੂੰਨ ਦੇ ਰਾਖੇ ਬੁੱਢੇ ਬਾਪ ਦੀ ਡੰਗੋਰੀ ਖੋਹ ਸਕਣ। ਇਹ ਨਾਟਕ ਅੱਜ ਦੇ ਸਮੇਂ ਦੇ ਹਾਣ ਦਾ ਹੈ।

ਆਜ਼ਾਦੀ:
ਲਹੂ ਰੰਗਾ ਅਸਮਾਨ ਕਹਿੰਦਾ ... ਆਜ਼ਾਦੀ
ਉਡਦਾ ਅਣਖੀ ਪਰਿੰਦਾ ਕਹਿੰਦਾ ... ਆਜ਼ਾਦੀ
ਇਸ ਪੁਲੀਸ ਰਾਜ ਤੋਂ ਬਸ ... ਆਜ਼ਾਦੀ

(ਅਨਿਰੁਧ ਦੀ ਇੱਕ ਨਿੱਕੀ ਕਵਿਤਾ)

19-5-1996